# ਜੀਵਨ ਦੀ ਵੱਲ ਕਦਮ ਚੁੱਕਣਾ®

ਏਲਮਰ ਮਰਡੋਕ ਦੁਆਰਾ

ਪਰਮੇਸ਼ੁਰ ਇੱਕ ਅੱਦਭੁਦ ਪਰਮੇਸ਼ੁਰ ਹੈ ਜੋ ਤੁਹਾਨੂੰ ਪਿਆਰ ਕਰਦਾ ਹੈ ਅਤੇ ਤੁਹਾਡਾ ਧਿਆਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹੈ।

ਸੰਭਾਵਿਤ
ਇਹ
ਕੁੱਝ
ਗੱਲਾਂ
ਇਸ ਵਿੱਚ
ਰੁਕਾਵਟ ਹੋ
ਸਕਦੀਆਂ
ਹਨ...




ਤੁਹਾਡੇ ਸ਼ਾਮਿਲ ਹੋਣ ਨੇ ਤੁਹਾਨੂੰ ਪਰਮੇਸ਼ੁਰ ਬਾਰੇ ਸੋਚਣ ਤੋਂ ਦੂਰ ਰੱਖਿਆ ਹੋ ਸਕਦਾ ਹੈ। ਫਿਰ ਵੀ, ਜਦੋਂ ਤੁਸੀਂ ਇਸ ਕਿਤਾਬ ਨੂੰ ਪੜ੍ਹਦੇ ਹੋ, ਪਰਮੇਸ਼ੁਰ ਤੁਹਾਨੂੰ ਕੁੱਝ ਕਹਿ ਸਕਦਾ ਹੈ।

## ਸੰਭਾਵਿਤ ਤੁਸੀਂ ਪਰਮੇਸ਼ੁਰ ਬਾਰੇ ਪਹਿਲਾਂ ਤੋਂ ਕੁੱਝ ਜਾਣਦੇ ਹੋਵੋਗੇ, ਪਰ ਇੱਥੇ ਤਿੰਨ ਮਹੱਤਵਪੂਰਣ ਸੱਚ ਹਨ ਜਿਨ੍ਹਾਂ ਤੇ ਤੁਸੀਂ ਹੁਣ ਧਿਆਨ ਦੇਣਾ ਹੈ।

...ਉਹ ਸਰਵ-ਗਿਆਨੀ ਹੈ ਅਤੇ ਜਾਣਦਾ ਹੈ ਕਿ ਤੁਹਾਡੇ ਜੀਵਨ ਲਈ ਕੀ ਚੰਗਾ ਹੈ।

...ਉਹ ਪਵਿੱਤਰ ਹੈ, ਪਾਪ ਨੂੰ ਮਨਜ਼ੂਰ ਨਹੀਂ ਕਰ ਸਕਦਾ ਅਤੇ ਇਸ ਦਾ ਨਿਆਂ ਕਰੇਗਾ।

...ਉਹ ਦਿਯਾਲੂ ਹੈ ਇਸ ਲਈ ਉਹ ਨਿਆਂ ਨੂੰ ਤੁਹਾਡੇ ਲਈ ਮਸੀਹ ਦੀ ਸਲੀਬ ਤੇ ਮੌਤ ਕਾਰਨ ਰੋਕ ਸਕਦਾ ਹੈ। "ਤੇਰੇ ਵਰਗਾ ਕਿਹੜਾ ਪਰਮੇਸ਼ੁਰ ਹੈ ਜੋ ਬਦੀ ਖਿਮਾ ਕਰਦਾ ਹੈ" ਮੀਕਾਹ 7:18

ਪਰਮੇਸ਼ੁਰ ਕੋਲ ਜਾਣ ਲਈ ਸਿਰਫ਼ ਯਿਸੂ ਮਸੀਹ ਹੀ ਇੱਕੋ ਰਾਹ ਹੈ, ਕਿਉਂਜੋ ਉਸ ਨੇ ਕਿਹਾ, "ਰਾਹ, ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨ੍ਹਾਂ ਪਿਤਾ ਕੋਲ ਨਹੀਂ ਆਉਂਦਾ" ਯੂਹੰਨਾ 14:6

## "ਜੀਉਣ ਲਈ ਸੱਭ ਤੋਂ ਉੱਚ ਮਕਸਦ ਕੀ ਹੈ?"

ਕੁਝ ਆਖਦੇ ਹਨ - ਮੇਰੇ ਪਰਿਵਾਰ ਦਾ ਆਨੰਦ, ਖੁਸ਼ ਹੋਣਾ, ਇੱਕ ਚੰਗਾ ਜੀਵਨ ਬਿਤਾਉਣਾ, ਭਰਪੂਰ ਰਹਿਣਾ। ਇਹ ਸੱਭ ਚੰਗਾ ਹੈ, ਪਰ ਬਾਈਬਲ ਸਾਨੂੰ ਦੱਸਦੀ ਹੈ ਕਿ ਸਭ ਤੋਂ ਉੱਚ ਮਕਸਦ ਮਸੀਹ ਰਾਹੀਂ ਪਰਮੇਸ਼ੁਰ ਨੂੰ ਜਾਨਣਾ ਅਤੇ ਤੱਦ ਉਸ ਨੂੰ ਖੁਸ਼ ਕਰਨ ਲਈ ਜੀਉਣਾ ਹੈ। ਇਸੇ ਕਰਕੇ ਤੁਸੀਂ ਬਣਾਏ ਗਏ ਸੀ। ਇਸ ਬਾਰੇ ਸੋਚੋ: ਅਸਲ ਵਿੱਚ ਤੁਸੀਂ ਪਰਮੇਸ਼ੁਰ ਨੂੰ ਇਸ ਤਰ੍ਹਾਂ ਜਾਣ ਸਕਦੇ ਜਿਵੇਂ ਕਿ ਇੱਕ ਮਿੱਤਰ ਨੂੰ।

"ਅਤੇ ਸਦੀਪਕ ਜੀਉਣ ਇਹ ਹੈ ਕਿ ਓਹ ਤੈਨੂੰ ਜੋ ਸੱਚਾ ਵਾਹਿਦ ਪਰਮੇਸ਼ੁਰ ਹੈ ਅਤੇ ਯਿਸੂ ਮਸੀਹ ਨੂੰ ਜਿਹ ਨੂੰ ਤੈਂ ਘੱਲਿਆ ਜਾਣਨ।" ਯੂਹੰਨਾ 17:3

## ਇਹ ਅੱਦਭੁਦ ਪਰਮੇਸ਼ੁਰ ਚਾਹੁੰਦਾ ਹੈ:

- ਤੁਹਾਨੂੰ ਤੁਹਾਡੇ ਸਾਰੇ ਪਾਪਾਂ ਤੋਂ ਮਾਫ਼ ਕਰਨਾ
- ਹੁਣ ਤੁਹਾਡੇ ਜੀਵਨ ਵਿੱਚ ਤੁਹਾਨੂੰ ਇੱਕ ਨਵਾਂ ਅਰਥ ਦੇਣਾ
- ਤੁਹਾਡੀ ਮੌਤ ਬਾਅਦ ਤੁਹਾਨੂੰ ਸਵਰਗ ਲਈ ਲੈ ਜਾਣਾ।

ਇਹ ਸੱਭ ਕੁੱਝ ਤੁਹਾਡਾ ਹੈ ਜਦੋਂ ਤੁਸੀਂ ਖੁੱਦ ਨੂੰ ਪ੍ਰਭੂ ਯਿਸੂ ਅੱਗੇ ਅਰਪਣ ਕਰ ਦਿੰਦੇ ਹੋ, ਜਿਹੜਾ ਪਰਮੇਸ਼ੁਰ ਦਾ ਇਕਲੌਤਾ ਪੁੱਤਰ ਹੈ।

ਜੇਕਰ ਤੁਸੀਂ ਦਯਾ ਅਤੇ ਪਿਆਰ ਦੀ ਇਸ ਭੇਂਟ ਨੂੰ ਰੱਦ ਕਰ ਦਿੰਦੇ ਹੋ, ਤੁਸੀਂ ਆਪਣੇ ਆਪ ਨੂੰ ਪਰਮੇਸ਼ੁਰ ਅਤੇ ਉਸ ਦੇ ਨਿਆਂ ਹੇਠ ਲਿਆਉਂਦੇ ਹੋ। (ਯੂਹੰ. 3:36)। ਤੁਸੀਂ ਆਪਣੇ ਆਪ ਨੂੰ ਅੰਤਿਮ ਅਧਿਕਾਰੀ ਬਣਾ ਰਹੇ ਹੋ।


ਇਸ ਲਈ, ਸੱਭ ਤੋਂ ਮਹੱਤਵਪੂਰਨ ਪ੍ਰਸ਼ਨ ਜਿਸ ਦਾ ਤੁਸੀਂ ਸਾਹਮਣਾ ਕਰੋਗੇ ਹੈ –

## ਕੌਣ ਤੁਹਾਡੇ ਜੀਵਨ ਨੂੰ ਚਲਾਉਂਦਾ ਹੈ?

ਤੁਸੀਂ ਜਾਂ ਯਿਸੂ? ਅਗਲੇ ਕੁੱਝ ਪੇਜ਼ ਤੁਹਾਨੂੰ ਇਹ ਜਾਨਣ ਵਿੱਚ ਸਹਾਇਤਾ ਕਰਨਗੇ।

## ਹਰੇਕ ਵਿਅਕਤੀ ਇਹਨਾਂ ਪੰਜ ਕਦਮਾਂ ਵਿੱਚੋਂ ਇੱਕ ਤੇ ਹੈ।

ਤੁਹਾਡਾ ਵਰਤਾਓ ਪਰਮੇਸ਼ੁਰ ਤੋਂ ਤੁਹਾਡੀ ਦੂਰੀ ਨਿਰਧਾਰਿਤ ਕਰਦਾ ਹੈ। ਹਰੇਕ "ਕਦਮ" ਪਰਮੇਸ਼ੁਰ ਪ੍ਰਤੀ ਇੱਕ ਦਿਲ ਦੇ ਵਰਤਾਉ ਦਾ ਵਰਨਣ ਕਰਦਾ ਹੈ ਅਤੇ ਇਹ ਤੁਹਾਡੀ ਦੂਰੀ ਨੂੰ ਨਿਰਧਾਰਿਤ ਕਰਦਾ ਹੈ-ਉਸ ਤੋਂ-ਨੇੜੇ ਜਾਂ ਦੂਰ। ਯਿਸੂ ਨੇ ਇਸ ਨੂੰ ਸਿਖਾਇਆ ਜਦੋਂ ਉਸ ਨੇ ਸੱਚ ਦੀ ਭਾਲ ਕਰਦੇ ਇੱਕ ਮਨੁੱਖ ਨੂੰ ਕਿਹਾ, "ਤੂੰ ਪਰਮੇਸ਼ੁਰ ਦੇ ਰਾਜ ਤੋਂ ਦੂਰ ਨਹੀਂ ਹੈ" ਮਰਕੁਸ 12:34




*ਤੁਸੀਂ ਕਿਹੜੇ ਕਦਮ ਤੇ ਹੋ?*

# ਬੇਫ਼ਿਕਰ

ਤੁਸੀਂ ਯਿਸੂ ਅਤੇ ਮੁਕਤੀ ਬਾਰੇ ਬਹੁਤ ਕੁਝ ਜਾਣ ਸਕਦੇ ਹੋ ਜਾਂ ਫ਼ਿਰ ਬਹੁਤ ਘੱਟ। ਮਹੱਤਵਪੂਰਨ ਵਿਸ਼ੈ ਬਾਰੇ ਤੁਸੀਂ ਫ਼ਿਕਰ ਹੀ ਨਹੀਂ ਕਰਦੇ।

ਇੱਕ ਬੇਫ਼ਿਕਰੀ ਦਾ ਵਰਤਾਉ ਤੁਹਾਨੂੰ ਪਰਮੇਸ਼ੁਰ ਨੂੰ ਜਾਨਣ ਤੋਂ ਦੂਰ ਰੱਖੇਗਾ, ਪਰ ਇਹ ਪਰਮੇਸ਼ੁਰ ਨੂੰ ਤੁਹਾਡੀ ਦੇਖਰੇਖ ਕਰਨ ਤੋਂ ਦੂਰ ਨਹੀਂ ਰੱਖ ਸਕਦਾ। ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪ੍ਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ।”
ਰੋਮੀਆਂ 5:8




*ਕੀ ਤੁਸੀਂ ਇਸ ਕਦਮ ਤੇ ਹੋ ?*

# ਫ਼ਿਕਰ

ਤੁਸੀਂ ਆਪਣੀਆਂ ਅੰਦਰੂਨੀ ਅਤੇ ਆਤਮਿਕ ਲੋੜਾਂ ਪ੍ਰਤੀ ਜਾਣੂ ਹੋ ਅਤੇ ਉਹਨਾਂ ਦਾ ਜਵਾਬ ਪ੍ਰਾਪਤ ਕਰਨਾ ਚਾਹੁੰਦੇ ਹੋ।

ਸੰਭਾਵਿਤ ਇੱਕ ਮੌਤ, ਤਲਾਕ, ਨੌਕਰੀ ਦਾ ਜਾਣਾ, ਬਿਮਾਰੀ, ਜਾਂ ਇੱਕ ਮਿੱਤਰ ਦਾ ਪ੍ਰਭਾਵ ਜਿਸ ਨੇ ਤੁਹਾਡੇ ਖਾਲੀਪਣ ਜਾਂ ਆਤਮਿਕ ਲੋੜ ਬਾਰੇ ਤੁਹਾਨੂੰ ਜਾਣੂ ਕਰਵਾਇਆ ਹੋ ਸਕਦਾ ਹੈ। ਇਹ ਖਾਲੀਪਣ ਯਿਸੂ ਮਸੀਹ ਨਾਲ ਵਿਅਕਤੀਗੱਤ ਸਬੰਧ ਦੀ ਕਮੀ ਕਾਰਣ ਹੈ। ਪ੍ਰਭੂ ਆਖਦਾ ਹੈ, "ਤੁਸੀਂ ਮੈਨੂੰ ਭਾਲੋਗੇ ਅਤੇ ਲੱਭੋਗੇ, ਜਦ ਤੁਸੀਂ ਆਪਣੇ ਸਾਰੇ ਦਿਲ ਨਾਲ ਮੈਨੂੰ ਭਾਲੋਗੇ" ਯਿਰਮਿਯਾਹ 29:13




*ਕੀ ਤੁਸੀਂ ਇਸ ਕਦਮ ਤੇ ਹੋ?*
*ਸੱਚਾ ਫ਼ਿਕਰ ਤੁਹਾਨੂੰ ਲੈ ਜਾ ਸਕਦਾ ਹੈ...*

## ਦੋਸ਼ ਮੰਨਣਾ

ਤੁਹਾਡੇ ਕੋਲ ਪਵਿੱਤਰ ਆਤਮਾ ਦੁਆਰਾ ਤੁਹਾਡੇ ਪਾਪ ਅਤੇ ਖਾਲੀਪਣ ਨੂੰ ਵਿਖਾਉਣ ਦੁਆਰਾ ਇੱਕ ਵੱਡੀ ਆਤਮਿਕ ਬੇਚੈਨੀ ਅਤੇ ਦੋਸ਼ ਦੀ ਭਾਵਨਾ ਹੈ।

"ਚੰਗਾ ਬਨਣ" ਜਾਂ "ਜੋ ਚੰਗਾ ਤੁਸੀਂ ਕਰ ਸਕਦੇ ਕਰਨ ਦੁਆਰਾ" ਕੀ ਤੁਸੀਂ ਸਵਰਗ ਜਾਣ ਦੀ ਆਸ ਰੱਖਦੇ ਹੋ? ਪ੍ਰਸ਼ਨ ਜੋ ਤੁਸੀਂ ਆਪਣੇ ਆਪ ਨੂੰ ਪੁੱਛਣਾ ਹੈ, "ਕੀ ਮੈਂ ਕਾਫ਼ੀ ਚੰਗਾ ਹਾਂ?" ਕੀ ਮੈਂ ਪਰਮੇਸ਼ੁਰ ਦੇ ਹੁਕਮਾਂ ਨੂੰ- 100 ਪ੍ਰਤੀਸ਼ਤ-ਵਿਚਾਰਾਂ, ਸ਼ਬਦ ਅਤੇ ਕੰਮਾਂ ਵਿੱਚ ਪੂਰਾ ਕੀਤਾ ਹੈ? ਜੇਕਰ ਤੁਸੀਂ ਕੀਤਾ ਹੈ ਤਾਂ ਤੁਸੀਂ ਆਪਣੇ ਚੰਗੇ ਜੀਵਨ ਦੁਆਰਾ ਸਵਰਗ ਜਾ ਸਕਦੇ ਹੋ। ਮੱਤੀ 19:17-19। ਇਸ ਤਰ੍ਹਾਂ, "... ਸ਼ਰਾ ਦੇ ਰਾਹੀਂ ਪਾਪ ਦੀ ਪਛਾਣ ਹੀ ਹੁੰਦੀ ਹੈ" ਰੋਮੀਆਂ 3:20



**ਇਹ ਜਾਨਣ ਲਈ ਕਿ ਤੁਸੀਂ ਕਿੰਨੇ ਚੰਗੇ ਹੋ, ਪਰਮੇਸ਼ੁਰ ਦੀ ਭਲਿਆਈ ਦੀ ਪ੍ਰੀਖਿਆ ਦਿਓ- ਦਸ ਹੁਕਮ ।**

ਮੇਰੇ ਸਨਮੁੱਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ

ਤੂੰ ਆਪਣੇ ਲਈ ਉੱਕਰੀ ਹੋਈ ਮੂਰਤ ਨਾ ਬਣਾ

ਤੂੰ ਯਹੋਵਾਹ ਆਪਣੇ ਪਰਮੇਸ਼ੁਰ ਦਾ ਨਾਂ ਵਿਅਰਥ ਨਾ ਲੈ

ਤੂੰ ਸਬਤ ਦੇ ਦਿਨ ਨੂੰ ਪਵਿੱਤਰ ਜਾਣ ਕੇ ਚੇਤੇ ਰੱਖ।

ਤੂੰ ਆਪਣੇ ਪਿਤਾ ਅਤੇ ਮਾਤਾ ਦਾ ਆਦਰ ਕਰ।

ਤੂੰ ਖ਼ੂਨ ਨਾ ਕਰ

ਤੂੰ ਜ਼ਨਾਹ ਨਾ ਕਰ

ਤੂੰ ਚੋਰੀ ਨਾ ਕਰ

ਤੂੰ ਝੂਠੀ ਗਵਾਹੀ ਨਾ ਦੇ।

ਤੂੰ ਲਾਲਚ ਨਾ ਕਰ।

**ਕੂਚ 20:3-17**

ਤੁਸੀਂ ਕਿੰਨੇ ਅੰਕ ਪ੍ਰਾਪਤ ਕੀਤੇ? ਪਾਸ ਹੋਣਾ 100% ਤੇ ਹੈ। ਪਰਮੇਸ਼ੁਰ ਸ਼੍ਰੇਣੀ ਨਾਲ ਦਰਜ਼ਾ ਨਹੀਂ ਦਿੰਦਾ। ਯਾਕੂਬ 2:10 ਆਖਦਾ ਹੈ ਜੇਕਰ ਤੁਸੀਂ ਇੱਕ ਵਾਰ ਸਿਰਫ਼ ਇੱਕ ਹੁਕਮ ਤੋੜ ਦਿੰਦੇ ਹੋ, ਤੁਸੀਂ ਅਸਫ਼ਲ ਹੋ ਗਏ। ਸ਼ਰਾ ਇੱਕ ਗੁਬਾਰੇ ਵਾਂਙ ਹੈ। ਇੱਕ ਛੇਦ ਇਸ ਪੂਰੇ ਨੂੰ ਨਾਸ਼ ਕਰ ਦਿੰਦਾ ਹੈ।




*ਕੀ ਤੁਸੀਂ ਇਸ ਕਦਮ ਤੇ ਹੋ?*
*ਦੋਸ਼ ਮੰਨਣਾ ਲੈ ਜਾ ਸਕਦਾ ਹੈ.....*

## ਇਸ ਤੋਂ ਬਾਅਦ ਇਹਨਾਂ ਪ੍ਰਸ਼ਨਾਂ ਤੇ ਧਿਆਨ ਦਿਓ:

1. ਕੀ ਤੁਸੀਂ ਪਰਮੇਸ਼ੁਰ ਦੀ ਕਿਸੇ ਵੀ ਸ਼ਰਾ ਨੂੰ ਤੋੜਨ ਦੁਆਰਾ ਪਾਪ ਕੀਤਾ ਹੈ? ਹਾਂ ☐ ਨਹੀਂ ☐
2. ਕੀ ਤੁਹਾਡੇ ਪਾਪਾਂ ਨੇ ਕਦੀ ਤੁਹਾਨੂੰ ਤੰਗ ਕੀਤਾ ਹੈ? ਹਾਂ ☐ ਨਹੀਂ ☐
3. ਕਿੰਨਾ ☐ ਘੱਟ ? ☐ ਵੱਧ ? ☐ ਉਹਨਾਂ ਲਈ ਕੁੱਝ ਕਰਨ ਲਈ ਕਾਫ਼ੀ ?

## ਤੋਬਾ

ਤੁਹਾਡਾ ਮਨ ਅਤੇ ਦਿਲ ਪੂਰੀ ਤਰ੍ਹਾਂ ਬਦਲ ਗਿਆ ਹੈ ਅਤੇ ਸਾਰੇ ਜਾਣੂ ਪਾਪਾਂ ਨੂੰ ਤਿਆਗਣ ਅਤੇ ਰੱਦ ਕਰਨਾ ਤੁਸੀਂ ਚੁਣ ਲਿਆ ਅਤੇ ਅਜ਼ਾਦੀ ਵਿੱਚ ਪਰਮੇਸ਼ੁਰ ਨਾਲ ਤੁਹਾਡੇ ਜੀਵਨ ਨੂੰ ਚਲਾਉਣ ਦਾ ਅਧਿਕਾਰ ਤੁਹਾਡੇ ਕੋਲ ਹੈ।

**ਤੋਬਾ**.... ਤੁਹਾਡੇ ਜੀਵਨ ਦੇ ਸਿੰਘਾਸਨ ਤੋਂ ਤੁਹਾਡਾ ਹੇਠਾਂ ਆਉਣ ਦਾ ਕੰਮ ਹੈ ਤਾਂ ਜੋ ਯਿਸੂ ਮਸੀਹ ਆਪਣਾ ਸਹੀ ਸਥਾਨ ਉੱਥੇ ਲੈ ਸਕੇ।


**ਤੋਬਾ**.... ਤੁਹਾਡੇ ਵਿਸ਼ਵਾਸ਼ ਕਰਨ ਤੋਂ ਪਹਿਲਾਂ ਜਰੂਰੀ ਯੂ-ਟਰਨ (ਵਾਪਸੀ ਮੋੜ) ਹੈ।

**ਤੋਬਾ**.... ਸਿਰਫ਼ ਤੁਹਾਡੇ ਪਾਪਾਂ ਲਈ ਮਾਫ਼ੀ ਮੰਗਣਾ ਹੀ ਨਹੀਂ ਹੈ। ਤੋਬਾ ਨਾਲ ਇੱਥੇ ਦੁੱਖ ਹੈ, ਪਰ ਤੋਬਾ ਤੋਂ ਬਿਨਾਂ ਵੀ ਦੁੱਖ ਤੁਹਾਡੇ ਕੋਲ ਹੋ ਸਕਦਾ ਹੈ। ਬਹੁਤ ਸਾਰੇ ਲੋਕ ਉਹਨਾਂ ਦੇ ਪਾਪਾਂ ਦੇ ਨਤੀਜਿਆਂ ਤੋਂ ਦੁੱਖੀ ਹੁੰਦੇ ਹਨ, ਪਰ ਪਾਪ ਤੋਂ ਨਹੀਂ। “ਕਿਉਂ ਜੋ ਪਰਮੇਸ਼ੁਰ ਜੋਗ ਉਦਾਸੀ ਮੁਕਤੀ ਲਈ ਅਜਿਹੀ ਤੋਬਾ ਪੈਦਾ ਕਰਦੀ ਹੈ ਜਿਸ ਤੋਂ ਕੋਈ ਨਹੀਂ ਪਛਤਾਉਂਦਾ ਪਰ ਸੰਸਾਰ ਦੀ ਉਦਾਸੀ ਮੌਤ ਨੂੰ ਪੈਰਾ ਕਰਦੀ ਹੈ” 2 ਕੁਰਿੰਥੀਆਂ 7:10

**ਤੋਬਾ**.... ਸਿਰਫ਼ ਇੱਕ ਪਾਪੀ ਕੰਮ ਨੂੰ ਛੱਡਣਾ ਹੀ ਨਹੀਂ ਹੈ। ਕੁੱਝ ਲੋਕ ਨਿਸ਼ਚਿਤ ਪਾਪਾਂ ਤੋਂ ਬਚੇ ਰਹਿੰਦੇ ਹਨ ਅਤੇ ਵਿਅਕਤੀਗੱਤ ਕਾਰਨਾਂ ਲਈ ਸੁਧਾਰ ਕਰਦੇ ਹਨ (ਸਿਹਤ, ਇੱਜਤ, ਪਰਿਵਾਰ, ਵਪਾਰ ਆਦਿ), ਪਰ ਇਸ ਲਈ ਨਹੀਂ ਕਿ ਉਹਨਾਂ ਦੇ ਪਾਪ ਪਰਮੇਸ਼ੁਰ ਨੂੰ ਨਾਖੁਸ਼ ਕਰਦੇ ਹਨ।

**ਤੋਬਾ....** ਦਾ ਵਰਨਣ ਨਵੇਂ ਨਿਯਮ ਵਿੱਚ 55 ਤੋਂ ਵੀ ਵੱਧ ਵਾਰ ਕੀਤਾ ਗਿਆ ਹੈ। ਯਿਸੂ ਨੇ ਖੁੱਦ ਕਿਹਾ, "ਤੁਸਾਂ ਤੋਬਾ ਨਾ ਕਰੋ ਤਾਂ ਤੁਸਾਂ ਸਭਨਾਂ ਦਾ ਇਸੇ ਤਰ੍ਹਾਂ ਨਾਸ ਹੋਵੇਗਾ", ਲੂਕਾ 13:3

**ਤਦ ਤੋਬਾ ਕਰਨਾ ਕਿੰਨਾ ਮਹੱਤਵਪੂਰਨ ਹੈ?**




**ਜੇਕਰ ਤੁਸੀਂ ਇਸ ਕਦਮ ਤੇ ਹੋ,**
**ਤਾਂ ਹੁਣ ਪੇਜ਼ ਨੂੰ ਪਲਟੋ,**
**ਅਤੇ ਅੰਤਿਮ ਕਦਮ ਨੂੰ ਲਓ।**

## ਪ੍ਰਭੂ ਯਿਸੂ ਵਿੱਚ ਬਚਾਉਣ ਵਾਲਾ ਵਿਸ਼ਵਾਸ਼

ਤੁਸੀਂ ਆਪਣੇ ਸੱਭ ਕੁੱਝ ਵਿੱਚ ਇੱਕ ਪੂਰਾ ਅਰਪਣ ਕਰਨ ਲਈ ਤਿਆਰ ਹੋ ਅਤੇ ਤੁਹਾਡੇ ਕੋਲ ਜੋ ਕੁੱਝ ਵੀ ਹੈ ਪ੍ਰੱਭੂ ਯਿਸੂ ਮਸੀਹ ਦੀ ਹਕੂਮਤ ਹੈ।

ਤੁਹਾਡੇ ਦਿਲ ਵਿੱਚ ਇਹ ਖੁੱਦ ਹਕੂਮਤ ਕਰਨ ਤੋਂ ਪ੍ਰੱਭੂ ਯਿਸੂ ਮਸੀਹ ਵੱਲ ਸਰਕਾਰ ਦਾ ਇੱਕ ਬਦਲਾਵ ਹੈ। ਕਿਉਂ ਜੋ ਮਸੀਹ ਪਰਮੇਸ਼ੁਰ ਹੈ, ਸਲੀਬ ਤੇ ਮਰ ਗਿਆ ਅਤੇ ਤੁਹਾਡੇ ਲਈ ਮੁਰਦਿਆਂ ਵਿੱਚੋਂ ਜੀ ਉੱਠਿਆ, ਉਹ ਤੁਹਾਡੀ ਨੌਕਰੀ, ਪਰਿਵਾਰ, ਖਰਚ, ਰੁੱਤਬੇ ਅਤੇ ਇੱਥੋਂ ਤੱਕ ਕਿ ਤੁਹਾਡੇ ਜੀਵਨ ਤੋਂ ਵੱਧ ਕੇ ਹੈ। ਮੱਤੀ 10:37-39, ਲੂਕਾ 9:57-62, 1 ਕੁਰਿੰਥੀਆਂ 15:3-4

ਲੂਕਾ 14:26 ਵਿੱਚ ਯਿਸੂ ਨੇ ਕਿਹਾ ਕਿ ਜੇ ਕੋਈ ਮੇਰੇ ਕੋਲ ਆਵੇ ਅਰ ਆਪਣੇ ਪਿਉ ਅਤੇ ਮਾਂ ਅਤੇ ਤੀਵੀਂ ਅਤੇ ਬਾਲ ਬੱਚਿਆਂ ਅਤੇ ਭਾਈਆਂ ਅਤੇ ਭੈਣਾਂ ਨਾਲ-ਸਗੋਂ ਆਪਣੀ ਜਾਨ ਨਾਲ ਵੀ ਵੈਰ ਨਾ ਰੱਖੇ - ਤਾਂ ਉਹ ਮੇਰਾ ਚੇਲਾ ਨਹੀਂ ਹੋ ਸਕਦਾ।

ਜਦੋਂ ਤੁਸੀਂ ਇਸ ਤਰ੍ਹਾਂ ਤੁਸੀਂ ਉਸ ਤੇ ਪੂਰੀ ਤਰ੍ਹਾਂ ਭਰੋਸਾ ਅਤੇ ਅਰਪਣ ਕਰਦੇ ਹੋ, ਪਰਮੇਸ਼ੁਰ ਆਪਣੀ ਆਤਮਾ ਤੁਹਾਡੇ ਅੰਦਰ ਰੱਖੇਗਾ ਅਤੇ ਤੁਸੀਂ ਉਸ ਦੇ ਪਰਿਵਾਰ ਵਿੱਚ ਜਨਮ ਲਵੋਗੇ। ਹੁਣ ਪਰਮੇਸ਼ੁਰ ਤੁਹਾਡਾ ਪਿਆਰਾ ਪਿਤਾ ਬਣ ਜਾਂਦਾ ਹੈ ਅਤੇ ਜੋ ਉਹ ਚਾਹੁੰਦਾ ਉਹ ਬਦਲਾਵ ਉਹ ਤੁਹਾਡੇ ਜੀਵਨ ਵਿੱਚ ਕਰ ਸਕਦਾ ਹੈ-ਕਦੇ ਵੀ, ਕਿਵੇ ਵੀ ਸਮੇਂ

ਪ੍ਰਭੂ ਯਿਸੂ ਉੱਤੇ ਨਿਹਚਾ ਕਰ ਤਾਂ ਤੂੰ ਅਤੇ ਤੇਰਾ ਘਰਾਣਾ ਬਚਾਏ ਜਾਉਗੇ" ਰਸੂਲਾਂ ਦੇ ਕੰਮ 16:31

"ਸੋ ਜਦੋਂ ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਗਏ ਤਾਂ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਰਾਹੀਂ ਪਰਮੇਸ਼ੁਰ ਵੱਲ ਸ਼ਾਂਤੀ ਰੱਖੀਏ" ਰੋਮੀਆਂ 5:1

"ਅਤੇ ਉਸ ਦੀ ਸਲੀਬ ਦੇ ਲਹੂ ਦੇ ਵਸੀਲੇ ਮੇਲ ਕਰਾ ਕੇ...." ਕੁੱਲੁਸੀਆਂ 1:20

ਮਨ ਬਦਲਣ ਨਾਲ ਪ੍ਰੱਭੂ ਯਿਸੂ ਮਸੀਹ ਤੁਹਾਡੇ ਜੀਵਨ ਦਾ ਪ੍ਰੱਭੂ ਹੋ ਜਾਂਦਾ ਹੈ। ਉਹ ਤੁਹਾਡੇ ਅੰਦਰ ਆਪਣੀ ਆਤਮਾ ਰਾਹੀਂ ਰਹਿੰਦਾ ਹੈ। ਅਤੇ ਤੁਹਾਡੇ ਮਸੀਹੀ ਜੀਵਨ ਦਾ ਸ੍ਰੋਤ ਅਤੇ ਅਧਿਕਾਰੀ ਹੈ।

**ਬਚਾਉਣ ਵਾਲਾ ਵਿਸ਼ਵਾਸ਼**



***ਕਿਉਂ ਜੋ ਪਰਮੇਸ਼ੁਰ ਤੁਹਾਨੂੰ ਇਸ ਕਦਮ ਤੇ ਲੈ ਆਇਆ ਹੈ, ਅੱਜ ਮਸੀਹ ਲਈ ਆਪਣਾ ਅਰਪਣ ਕਰੋ.....***

## ਆਪਣੇ ਖੁੱਦ ਦੇ ਸ਼ਬਦਾਂ ਵਿੱਚ ਪਰਮੇਸ਼ੁਰ ਨਾਲ ਗੱਲ ਕਰੋ ......

**ਆਪਣੇ ਪਾਪਾਂ ਦਾ ਇਕਰਾਰ ਕਰੋ।** ਉਹਨਾਂ ਦੇ ਨਾਂ ਲੈ ਕੇ - ਘਮੰਡ, ਸ਼ਰੀਰਕ ਪਾਪ, ਝੂਠ ਬੋਲਣਾ, ਨਾ ਮਾਫ਼ੀ, ਲਾਲਚ, ਧੋਖਾ ਆਦਿ।

**ਪ੍ਰਭੂ ਨੂੰ ਦੱਸੋ ਕਿ ਤੁਸੀਂ ਤੋਬਾ ਕਰ ਰਹੇ ਹੋ**–ਤੁਹਾਡੇ ਸਾਰੇ ਜਾਣੂ ਪਾਪ ਅਤੇ ਤੁਹਾਡੇ ਪਾਪਾਂ ਦੀ ਜੜ ਜੋ ਸਵਾਰਥੀਪਣ ਹੈ।

**ਪ੍ਰਭੂ ਨੂੰ ਕਹੋ ਕਿ ਤੁਸੀਂ ਯਿਸੂ ਮਸੀਹ ਵਿੱਚ ਵਿਸ਼ਵਾਸ਼ ਕਰ ਰਹੇ ਹੋ**–ਜਿਸ ਨੂੰ ਉਸ ਨੇ ਮੁਰਦਿਆਂ ਵਿੱਚੋਂ ਜਿਉਂਦਾ ਕੀਤਾ ਅਤੇ ਆਪਣੇ ਜੀਵਨ ਵਿੱਚ ਉਸ ਨੂੰ ਮੁਕਤੀਦਾਤਾ ਕਰਕੇ ਕਬੂਲ ਕਰ ਰਹੇ ਹੋ।

ਉਹ ਆਪਣੇ ਵਚਨਾਂ ਨੂੰ ਪੂਰਾ ਕਰੇਗਾ, ਤੁਹਾਨੂੰ ਮਾਫ਼ ਕਰੇਗਾ ਅਤੇ ਤੁਹਾਡੇ ਜੀਵਨ ਵਿੱਚ ਆਵੇਗਾ, ਤੁਹਾਨੂੰ ਨਵਾਂ ਬਣਾ ਦੇਵੇਗਾ।

ਤੁਸੀਂ ਇਸ ਅਰਪਣ ਨੂੰ ਡੂੰਘੀਆਂ ਭਾਵਨਾਵਾਂ ਤੋਂ ਬਿਨਾਂ ਜਾਂ ਨਾਲ ਕਰ ਸਕਦੇ ਹੋ। ਤੁਹਾਡੀ ਪ੍ਰਤੀਕ੍ਰਿਆ ਸੁਭਾਅ, ਪਿਛੋਕੜ ਅਤੇ ਤੁਹਾਡੇ ਲਈ ਪਰਮੇਸ਼ੁਰ ਦੀ ਵਿਅਕਤੀਗੱਤ ਪਹੁੰਚ ਤੇ ਨਿਰਧਾਰਿਤ ਹੈ। ਤੁਸੀਂ ਜਾਣਦੇ ਹੋ ਕਿ ਤੁਸੀਂ ਪ੍ਰਭੂ ਨੂੰ ਖੁਸ਼ ਕਰਨ ਲਈ ਆਪਣੀ ਇੱਛਾ ਨੂੰ ਅਰਪਣ ਕੀਤਾ ਹੈ ਅਤੇ ਇਹ ਜਰੂਰੀ ਹੈ। ਭਾਵਨਾਵਾਂ ਚੱਲੀਆਂ ਜਾਣਗੀਆਂ, ਪਰ ਤੁਹਾਡੇ ਦਿਲ ਦੀ ਚੋਣ ਉਸੇ ਤਰ੍ਹਾਂ ਬਣੀ ਰਹਿੰਦੀ ਹੈ।

**ਉਸ ਦੀ ਸੰਤਾਨ ਬਨਣ ਲਈ ਅਤੇ ਤੁਹਾਡੇ ਅੰਦਰ ਉਸ ਦੇ ਨਵੇਂ ਜੀਵਨ ਲਈ ਹੁਣ ਪਰਮੇਸ਼ੁਰ ਦਾ ਧੰਨਵਾਦ ਕਰੋ। ਹੁਣ ਤੁਸੀਂ ਪ੍ਰਾਰਥਨਾ ਕਰ ਸਕਦੇ ਹੋ**

## ਚਾਰ ਕਾਰਣ ਜਿਨ੍ਹਾਂ ਰਾਹੀਂ ਤੁਸੀਂ ਜਾਣ ਸਕਦੇ ਹੋ ਕਿ ਤੁਸੀਂ ਬਚਾਏ ਗਏ ਹੋ:

**1.** ਤੁਸੀਂ ਤੋਬਾ ਅਤੇ ਵਿਸ਼ਵਾਸ਼ ਕਰਨ ਦੇ ਪਰਮੇਸ਼ੁਰ ਦੇ ਹੁਕਮ ਨੂੰ ਮੰਨਿਆ ਹੈ ਅਤੇ ਉਹ ਆਪਣੇ ਵਚਨ ਨੂੰ ਪੂਰਾ ਕਰਨ ਪ੍ਰਤੀ ਵਫ਼ਾਦਾਰ ਹੈ। "ਇਹ ਗੱਲਾਂ ਮੈਂ ਤੁਹਾਨੂੰ ਇਸ ਲਈ ਲਿਖੀਆਂ ਹਨ ਅਰਥਾਤ ਤੁਹਾਨੂੰ ਜਿਹੜੇ ਪਰਮੇਸ਼ੁਰ ਦੇ ਪੁੱਤਰ ਦੇ ਨਾਮ ਉੱਤੇ ਨਿਹਚਾ ਕਰਦੇ ਹੋ ਭਈ ਤੁਸੀਂ ਜਾਣੋ ਜੋ ਸਦੀਪਕ ਜੀਵਨ ਤੁਹਾਨੂੰ ਮਿਲਿਆ ਹੈ।" 1 ਯੂਹੰਨਾ 5:13

**2.** ਤੁਹਾਨੂੰ ਸਲੀਬ ਉੱਤੇ ਵਹੇ ਯਿਸੂ ਦੇ ਲਹੂ ਤੇ ਭਰੋਸਾ ਹੈ।" ਜਿਹ ਦੇ ਵਿੱਚ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ...." ਅਫ਼ਸੀਆਂ 1:7

**3.** ਤੁਹਾਡੇ ਜੀਵਨ ਨੂੰ ਚਲਾਉਣ ਦੇ ਸਾਰੇ ਦਾਅਵਿਆਂ ਨੂੰ ਤਿਆਗ ਦਿੱਤਾ ਅਤੇ ਯਿਸੂ ਨੂੰ ਦੇ ਦਿੱਤਾ ਜੀ ਉੱਠਿਆ ਪ੍ਰਭੂ, ਉਹ ਸਰਵ-ਉੱਚ ਅਧਿਕਾਰੀ।" ਸੋ ਜਿਵੇਂ ਤੁਸਾਂ ਮਸੀਹ ਯਿਸੂ ਪ੍ਰਭੂ ਨੂੰ ਕਬੂਲ ਕੀਤਾ ਤਿਵੇਂ ਤੁਸੀਂ ਉਹ ਦੇ ਵਿੱਚ ਚੱਲਦੇ ਜਾਓ...." ਕੁੱਲੁਸੀਆਂ 2:6

**4.** ਪਰਮੇਸ਼ੁਰ ਨੇ ਉਸ ਦੀ ਪਵਿੱਤਰ ਆਤਮਾ ਠੀਕ ਤੁਹਾਡੇ ਅੰਦਰ ਰੱਖੀ ਹੈ-ਤੁਹਾਡੀ ਹੀ ਆਤਮਾ ਵਿੱਚ ਅਤੇ ਤੁਹਾਨੂੰ ਭਰੋਸਾ ਦਿੰਦੀ ਹੈ ਕਿ ਤੁਸੀਂ ਉਸ ਦੇ ਹੋ।" ਉਹ ਆਤਮਾ ਆਪ ਸਾਡੇ ਆਤਮਾ ਦੇ ਨਾਲ ਸਾਖੀ ਦਿੰਦਾ ਹੈ ਭਈ ਅਸੀਂ ਪਰਮੇਸ਼ੁਰ ਦੇ ਬਾਲਕ ਹਾਂ..." ਰੋਮੀਆਂ 8:16

**ਮਸੀਹ ਯਿਸੂ ਵਿੱਚ ਨਵਾਂ ਜਨਮ ਇਹਨਾਂ ਮੁੱਢਲੇ ਬਦਲਾਵਾਂ ਨੂੰ ਪ੍ਰਗਟ ਕਰਦਾ ਹੈ....**

1. **ਬਾਈਬਲ ਨੂੰ ਜਾਨਣ ਦੀ ਇੱਕ ਇੱਛਾ।** "ਨਵਿਆਂ ਜੰਮਿਆਂ ਹੋਇਆ ਬੱਚਿਆਂ ਵਾਂਗਰ ਆਤਮਕ ਅਤੇ ਖਾਲਸ ਦੁੱਧ ਦੀ ਲੋਚ ਕਰੋ ਭਈ ਤੁਸੀਂ ਓਸ ਨਾਲ ਮੁਕਤੀ ਲਈ ਵਧਦੇ ਜਾਓ।" 1 ਪਤਰਸ 2:2
2. **ਯਿਸੂ ਮਸੀਹ ਦਾ ਹੁਕਮ ਮੰਨਣ ਦੀ ਇੱਕ ਇੱਛਾ।** "ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ" ਯੂਹੰਨਾ 14:15
3. **ਪਾਪ ਦਾ ਦੁੱਖ।** ਅਸੀਂ ਪਾਪ ਵਿੱਚ ਜਿਆਦਾ ਦੇਰ ਤੱਕ ਆਨੰਦ ਨਹੀਂ ਲੈ ਸਕਦੇ।" ਪ੍ਰਭੂ ਆਪਣਿਆਂ ਨੂੰ ਜਾਣਦਾ ਹੈ, ਨਾਲੇ ਇਹ ਭਈ ਹਰੇਕ ਜਿਹੜਾ ਪ੍ਰਭੂ ਦਾ ਨਾਮ ਲੈਂਦਾ ਹੈ ਕੁਧਰਮ ਤੋਂ ਅੱਡ ਰਹੇ 2 ਤਿਮੋਥਿਉਸ 2:19
4. **ਗੁਆਚੇ ਹੋਇਆਂ ਲਈ ਫ਼ਿਕਰ**–ਜਿਹਨਾਂ ਹਾਲੇ ਤੱਕ ਤੋਬਾ ਨਹੀਂ ਕੀਤੀ ਅਤੇ ਵਿਅਕਤੀਗੱਤ ਰੂਪ ਵਿੱਚ ਪਰਮੇਸ਼ੁਰ ਨੂੰ ਨਹੀਂ ਜਾਣਦੇ। "ਉਹ ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸਭ ਤੋਬਾ ਵੱਲ ਮੁੜਨ" 2 ਪਤਰਸ 3:9

---

*ਜਿਆਦਾ ਸਹਾਇਤਾ ਲਈ ਸੰਪਰਕ ਕਰੋ*


| **Logos Faith Foundation** | **ਲੋਗੋਸ ਫ਼ੇਥ ਫਾਉਂਡੇਸ਼ਨ** |
| --- | --- |
| Post Box 23, Ambala Cantt-133 001<br>Haryana, North India. | ਪੋਸਟ ਬਾਕਸ ਨੰ.23, ਅੰਬਾਲਾ ਕੈਂਟ–133001<br>ਹਰਿਆਣਾ, ਉੱਤਰੀ ਭਾਰਤ |

www.stepuptolife.com • sutlmail@aol.com